8

# ਸਾਡਾ ਖ਼ੁਦਾ ਪ੍ਰੇਰਣਾ ਦੇਣ ਵਾਲਾ ਹੈ

ਅਜਿਹੇ ਪਾਠ ਦੇ ਬਾਅਦ ਕਿ ਖ਼ੁਦਾ ਨੇ ਆਪਣੇ ਆਪ ਨੂੰ ਕਿਵੇਂ ਜ਼ਾਹਿਰ ਕੀਤਾ ਹੈ, ਇਸ ਗੱਲ ਵਿੱਚ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਸਾਨੂੰ ਇਸ ਤੇ ਵਿਚਾਰ ਕਰਨ ਦੀ ਲੋੜ ਹੈ ਕਿ ਖ਼ੁਦਾ ਨੇ ਆਪਣਾ ਸੰਦੇਸ਼ ਦੇਣ ਵਾਲਿਆਂ ਨੂੰ ਕਿਵੇਂ ਪ੍ਰੇਰਣਾ ਦਿੱਤੀ। ਖ਼ੁਦਾ ਦੀ ਪ੍ਰੇਰਣਾ ਪ੍ਰਕਾਸ਼ਨ ਦੇਣ ਦਾ ਇੱਕ ਜ਼ਰੀਆ ਹੈ। ਇਸ ਪਾਠ ਵਿੱਚ ਅਸੀਂ ਖ਼ੁਦਾ ਦੇ ਦੋ ਮਿਲਦੇ ਜੁਲਦੇ ਪਹਿਲੂਆਂ ਵਿੱਚ ''ਪ੍ਰੇਰਣਾ ਦੇਣ ਵਾਲੇ'' ਦੇ ਰੂਪ ਵਿੱਚ ਗੱਲ ਕਰਾਂਗੇ ਜਿਸ ਵਿੱਚ ਦੋਵਾਂ ਦਾ ਸੰਬੰਧ ਸਾਡੇ ਨਾਲ ਹੈ।

## ਸਾਡੇ ਤੇ ਉਸਦਾ ਪ੍ਰਭਾਉ

ਪਹਿਲਾਂ ਤਾਂ ਖ਼ੁਦਾ ਪ੍ਰੇਰਣਾ ਦੇਣ ਵਾਲਾ ਹੈ ਕਿਉਂਕਿ ਜੋ ਉਹ ਹੈ ਅਤੇ ਜੋ ਕੁਝ ਉਹ ਕਰਦ ਹੈ, ਉਸ ਵਿੱਚ ਉਸ ਤੋਂ ਪਭਾਵਿਤ ਹੋਣ ਵਾਲਿਆਂ ਤੇਂ ਅਨੰਦ ਦੇਣ ਵਾਲਾ, ਉਤਸਾਹ ਦੇਣ ਵਾਲਾ ਅਤੇ ਖੁਸ਼ੀ ਦੇਣ ਵਾਲਾ, ਪਰਭਾਓ ਪੈਂਦਾ ਹੈ। ਉਹ ਹੀ ਸੱਚਾ ਅਤੇ ਜ਼ਿੰਦਾ ਖੁਦਾ ਹੈ, ਜਿਸ ਨੇ ਮਹਾਨ ਕੰਮ ਕੀਤਾ ਅਤੇ ਕਰਦਾ ਰਹਿੰਦਾ ਹੈ। ਉਸਦੀ ਮਹਾਨਤਾ ਅਤੇ ਸਮਰੱਥਾ ਸਿਰਜਣਾਂ ਦੇ ਉਹਦੇ ਕੰਮ ਅਤੇ ਸਾਡੇ ਅੰਦਰ ਜੀਵਨ ਦੇ ਦਾਨ ਵਿੱਚ ਵਿਖਾਈ ਦਿੰਦੀ ਹੈ। ਅਸੀਂ ਜਾਣਦੇ ਹਾਂ ਕਿ ਉਹ ਜੀਵਨ ਦਾ ਕਰਤਾਰ ਹੈ। ਸਾਨੂੰ ਉਸ ਵਿੱਚ ਸਭ ਗੱਲਾਂ ਦਾ ਆਰੰਭ ਵਿਖਾਈ ਦਿੰਦਾ ਹੈ। ਅਸੀਂ ਉਸ ਨੂੰ ਇਹ ਸਭ ਕੁਝ ਚਲਾਉਣ ਵਾਲੇ ਦੇ ਰੂਪ ਵਿੱਚ ਜਾਣਦੇ ਹਾਂ। ਉਹ ਜੀਵਨ ਨੂੰ ਦਿਸ਼ਾ ਦੇ ਕੇ ਇਤਹਾਸ ਨੂੰ ਸਾਰਥਕ ਬਣਾਉਂਦਾ ਹੈ। ਅਸੀਂ ਉਸ ਨੂੰ ਜੀਵਨ ਨੂੰ ਬਣਾਈ ਰੱਖਣ ਵਾਲੇ ਦੇ ਰੂਪ ਵਿੱਚ ਵੀ ਜਾਣਦੇ ਹਾਂ। ਸਾਡਾ ਜੀਵਨ ਉਹਦੀ ਸਮੱਰਥਾ ਨਾਲ ਬਣਿਆ ਰਹਿੰਦਾ ਹੈ। ਉਹਦੀ ਮੌਜੂਦਗੀ ਦੀ ਖਾਸ ਮਹੱਤਤਾ ਹੈ ਕਿਉਂਕਿ ਅਸੀਂ ਉਸੇ ਦੇ ਲਈ ਜੀਉਂਦੇ ਹਾਂ। ਉਸੇ ਵਿੱਚ ਅਸੀਂ ਬਾਯਕੀਨ ਹੁੰਦੇ ਹਾਂ ਕਿ ਭਵਿੱਖ ਵਿੱਚ ਸਾਡੇ ਲਈ ਇੱਕ ਵਾਇਦਾ ਹੈ, ਉਸ ਨੇ ਸਾਰੀ ਦੁਨੀਆਂ ਨੂੰ ਆਪਣੇ ਹੱਥਾਂ ਵਿੱਚ ਰੱਖਿਆ ਹੋਇਆ ਹੈ।

ਸਾਡੇ ਸਿਰਜਣਹਾਰ ਅਤੇ ਅਗੁਆਈ ਕਰਨ ਵਾਲੇ ਦੇ ਰੂਪ ਵਿੱਚ ਖ਼ੁਦਾ ਦੀਆਂ ਸਾਡੀਆਂ ਧਾਰਨਾਵਾਂ ਸਾਡੀ ਹਕੀਕਤ ਦਾ ਹਿੱਸਾ ਹਨ। ਉਹ ਸਾਡੇ ਵਜੂਦ ਦੇ ਕਾਰਣ ਨੂੰ ਵਿਖਾਉਂਦੀਆਂ ਹਨ। ਜਦੋਂ ਅਸੀਂ ਖ਼ੁਦਾ ਵਿੱਚ ਭਰੋਸਾ ਰੱਖਦਾ ਹਾਂ ਤਾਂ ਜੀਵਨ ਮਾਤਰ ਵਜੂਦ ਤੋਂ ਵੱਧ ਹੋ ਕੇ ਜਾਂਦਾ ਹੈ। ਸਾਡੀ ਦਿਨ ਭਰ ਦੀ ਦੌੜ ਭੱਜ ਜੀਵਨ ਦੇ ਘੇਰੇ ਵਿੱਚ ਸਮਾ ਜਾਂਦੀ ਹੈ। ਨੀਰਸ ਕੰਮਾਂ ਅਤੇ ਨਿਕੇਮੀਆਂ ਕੀਮਤਾਂ ਦੇ ਅਹਿਸਾਸ ਦਾ ਥਾਂ ਖ਼ੁਦਾ ਦੇ ਸੰਸਾਰ ਦੀ ਸੁੰਦਰਤਾ ਤੇ ਖ਼ੁਦਾ ਦੇ ਲੋਕਾਂ ਦੀ ਸੰਗਤ ਦੇ ਅਨੰਦ ਦੇ ਧੰਨਵਾਦ ਦੇ ਨਾਲ ਉਸਤੱਤ ਲੈ ਲੈਂਦੀ ਹੈ। ਜੀਵਨ ਇੱਕ ਸਾਹਸ ਵਾਲਾ ਕੰਮ ਬਣ ਜਾਂਦਾ ਹੈ। ਜੀਣ ਦਾ ਅਨੰਦ ਇੱਕ ਨੇਮ ਬਣ ਜਾਂਦਾ ਹੈ।

ਕਹਿਣ ਨੂੰ ਤਾਂ ਜੀਵਨ ਦੀ ਇੱਕ ਹਕੀਕਤ ਨਾਲ ਇਨ੍ਹਾਂ ਦੋਈ ਕੋਈ ਲੈਮ ਦੇਣ ਨਹੀਂ ਹੈ? ਅਜਿਹਾ ਕਦੀ ਨਵੀ ਨਹੀਂ ਹੈ। ਅਸੀਂ ਪ੍ਰੇਰਣੇ ਦੇਣ ਵਾਲੇ ਖ਼ੁਦਾ ਦੇ ਉਨ੍ਹਾਂ ਲੋਕਾਂ ਦੇ ਪ੍ਰਭਾਓ ਦੀ ਗੱਲ ਕਰ ਰਹੇ ਹਾਂ ਜੋ ਉਹਦੇ ਅੱਗੇ ਆਪਣੇ ਆਪ ਨੂੰ ਸਮਰਪਣ ਕਰ ਦਿੰਦੇ ਹਨ। ਅਸੀਂ ਜਾਣ ਜਾਂਦੇ ਹਗਾਂ ਕਿ ਉਪਰ ਦਿੱਤਾ ਗਿਆ ਵਿਸ਼ੇਲੇਸ਼ਣ ਸੋਚੀ-ਸਮਝੀ ਸੋਚ ਨਹੀਂ ਹੈ। ਸਾਨੂੰ ਅਜਿਹੀਆਂ ਗੱਲਾਂ ਲਿਖਤ ਰੂਪ ਵਿੱਚ ਮਿਲ ਜਾਂਦੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਹਦੇ ਪ੍ਰਭਾਓ ਉਸਦੇ ਲੋਕਾਂ ਵਿੱਚ ਕਿਵੇਂ ਪ੍ਰੇਰਣਾਦਾਇਕ

ਹੋ ਸਕਦਾ ਹੈ।

ਅਬਰਾਹਾਮ ਨੂੰ ਭਵਿੱਖ ਅਤੇ ਖ਼ੁਦਾ ਨਾਲ ਆਪਣੇ ਸੰਬੰਧ ਦੀ ਚਿੰਤਾ ਜ਼ਾਹਿਰ ਕਰਨ ਤੇ ਬੜਾ ਯਕੀਰਨ ਦਿੱਤਾ ਗਿਆ ਸੀ। ਉਸਨੂੰ ਕਿਹਾ ਗਿਆ ਸੀ, '' 'ਆਸਮਾਨ ਵੱਲ ਵੇਖ ਅਤੇ ਕੀ ਤੂੰ ਉਨ੍ਹਾਂ ਨੂੰ ਗਿਣ ਸਕਦਾ ਹੈਂ? ਤੇਰਾ ਵੰਸ਼ ਅਜਿਹਾ ਹੀ ਹੋਵੇਗਾ।' ਉਸਨੇ ਯਹੋਵਾ ਤੇ ਯਕੀਨ ਕੀਤਾ ਅਤੇ ਯਹੋਵਾ ਨੇ ਇਸ ਗੱਲ ਨੂੰ ਉਸਦੇ ਵਿਰਸੇ ਵਿਚ ਧਰਮ ਗਿਣਿਆ'' (ਉਤਪਤ 15:5, 6)। ਅਬਰਾਹਾਮ ਨੂੰ ਉਹਦੀ ਆਉਣ ਵਾਲੀਆਂ ਪੀੜ੍ਹੀਆਂ ਦੇ ਵਿੱਖਾ ਪਰਤਿਗਆ ਦੇ ਕੇ ਇਹ ਦੱਸਣ ਦਾ ਯਤਨ ਕੀਤਾ ਗਿਆ ਕਿ ਖ਼ੁਦਾ ਤੇ ਉਹਦਾ ਈਮਾਨ ਗ਼ਲਤ ਨਹੀਂ ਸੀ।

ਯਹੋਸ਼ੁਆ ਦੇ ਦਿਨਾਂ ਵਿੱਚ ਇਸਰਾਏਲੀਆਂ ਦੇ ਲਈ ਜੀਵਨ ਅਸਾਨ ਨਹੀਂ ਸੀ। ਉਨ੍ਹਾਂ ਦਾ ਮਹਾਨ ਅਗੁਆ ਮੂਸਾ ਉਨ੍ਹਾਂ ਤੋਂ ਲੈ ਲਿਆ ਗਿਆ ਸੀ। ਆਉਣ ਵਾਲੇ ਵਕਤ ਦਾ ਕੁਝ ਪਤਾ ਨਹੀਂ ਸੀ। ਕਨਾਨ ਦੇ ਹਮਲੇ ਦਾ ਡਰ ਸੀ। ਸ਼ਕਤੀਸ਼ਾਲੀ, ਸੁਰਖਿਆ ਦੇ ਵਾਧੂ ਸਾਧਨਾਂ ਵਾਲੇ ਲੋਕਾਂ ਦੇ ਨਾਲ ਖ਼ਤਰਨਾਕ ਲੜਾਈਆਂ ਕਰਨੀਆਂ ਪੈਂਦੀਆਂ ਸੀ। ਅਜਿਹੇ ਤਨਾਓ-ਪੂਰਣ ਵਕਤ ਯਹੋਸ਼ੁਆ ਲੋਕਾਂ ਦੀ ਅਗੁਆਈ ਕਿਵੇਂ ਕਰ ਸਕਿਆ ਸੀ? ਯਹੋਵਾਹ ਨੇ ਯਹੋਸ਼ੁਆ ਨੂੰ ਆਖਿਆ ਸੀ ''ਅੱਜ ਦੇ ਦਿਨ ਮੈਂ ਸਾਰੇ ਇਸਰਾਏਲ ਦੇ ਵੇਖਦਿਆਂ ਤੈਨੂੰ ਵਡਿਆਈ ਦੇਣ ਦਾ ਅਰੰਭ ਕਰਾਂਗਾ ਇਸ ਲਈ ਭਈ ਉਹ ਜਾਣ ਲੈਣ ਕਿ ਜਿਵੇਂ ਮੈਂ ਮੂਸਾ ਦੇ ਸੰਗ ਸੀ ਤਿਵੇਂ ਮੈਂ ਤੇਰੇ ਸੰਗ ਵੀ ਰਹਾਂਗਾ'' (ਯਹੋਸ਼ੁਆ 3:7)। ਯਹੋਸ਼ੁਆ ਨੂੰ ਖ਼ੁਦਾ ਵੱਲੋਂ ਬੜੀ ਦਲੇਰੀ ਮਿਲੀ ਸੀ। ਮੁਸ਼ਕਿਲ ਸਮਿਆਂ ਵਿੱਚ ਵੀ ਜਦ ਅਸੀਂ ਮੰਨਦੇ ਹਾਂ ਕਿ ਖ਼ੁਦਾ ਸਾਡੀ ਅਗੁਆਈ ਕਰ ਰਿਹਾ ਹੈ ਤਾਂ ਕਠਿਨ ਵਕਤਾਂ ਵਿੱਚ ਵੀ ਅੜਿਕਿਆਂ ਦੇ ਮੌਕੇ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ।

ਹੰਨਾਂਹ ਅਪ੍ਰੈਸ ਦੇ ਪਹਾੜੀ ਦੇਸ਼ ਦੇ ਵਾਸੀ ਅਲਕਾਨਾ ਦੀ ਪਤਨੀ ਸੀ। ਕਈ ਸਾਲ ਪਹਿਲਾਂ ਉਨ੍ਹਾਂ ਦਾ ਵਿਆਹ ਹੋਇਆ ਸੀ। ਉਹਦਾ ਪਤੀ ਉਹਨੂੰ ਬਹੁਤ ਪਿਆਰ ਕਰਦਾ ਸੀ। ਪਰ ਉਹ ਦੁਖੀ ਸੀ ਕਿਉਂਕਿ ਉਹ ਉਸ ਨੂੰ ਇਕ ਪੁੱਤਰ ਨਹੀਂ ਦੇ ਸਕੀ ਸੀ। ਦੋ ਹਜ਼ਾਰ ਈਸਵੀ ਪੂਰਵ ਦੇ ਦੌਰਾਨ ਪੁਰਾਣੇ ਜ਼ਮਾਨੇ ਵਿੱਚ ਪੂਰਬੀ ਦੇਸ਼ਾਂ ਦੇ ਨੇੜੇ ਰਹਿਣ ਵਾਲੀਆਂ ਔਰਤਾਂ ਲਈ ਬੇਔਲਾਦ ਹੋਣਾ ਬਹੁਤ ਦੁੱਖਦਾਈ ਹੁੰਦਾ ਸੀ। ਵਿਆਹੀਆਂ ਹੋਈਆਂ ਇਸਤਰੀਆਂ ਲਈ ਬਾਂਝ ਹੋਣਾ ਵੱਡਾ ਭਾਰ ਸੀ। ਯਕਨੀਨ ਹੰਨਾਂ ਵੀ ਅਜਿਹੀ ਹੀ ਇੱਕ ਇਸਤਰੀ ਸੀ। ਇਸ ਲਈ ਸਿਲੋਹ ਵਿੱਚ ਉਹਨੇ ਖ਼ੁਦਾ ਦੇ ਘਰ ਵਿੱਚ ਸੱਚੇ ਮਨ ਨਾਲ ਇੱਕ ਪੁੱਤਰ ਲਈ ਦੁਆ ਕੀਤੀ ਉਹਦੀ ਦੁਆ ਦਾ ਜਵਾਬ ਮਿਲ ਗਿਆ ਸੀ। ਖੁਸ਼ੀ ਦੇ ਨਾਲ ਉਸ ਨੇ ਆਪਣੇ ਪੁੱਤਰ ਾ ਉਹ ਨਾਂਅ ਰੱਖਿਆ ਜੋ ਖ਼ੁਦਾ ਪ੍ਰਤੀ ਉਹਦੇ ਧੰਨਵਾਦ ਨੂੰ ਵਿਖਾਉਂਦਾ ਸੀ: ਉਸ ਨੇ ਉਹਦਾ ਨਾਂਅ ਸਮੂਏਲ ਰੱਖਿਆ।[1]

> ਹੰਨਾਹ ਨੇ ਬੇਨਤੀ ਕਰਕੇ ਆਖਿਆ, ਮੇਰਾ ਮਨ ਯਹੋਵਾਹ ਤੋਂ ਅਨੰਦ ਹੈ। ਮੇਰਾ ਮਨ ਯਹੋਵਾਹ ਤੋਂ ਬਾਗੋ ਬਾਗ ਹੈ, ਯਹੋਵਾਹ ਕੋਲੋਂ ਮੇਰਾ ਸਿਰ ਉੱਚਾ ਹੋ ਗਿਆ। ਮੇਰਾ ਮੂੰਹ ਮੇਰੇ ਵੈਰੀਆਂ ਦੇ ਸਾਮ੍ਹਣੇ ਖੋਲ੍ਹਿਆ ਗਿਆ, ਕਿਉਂ ਜੋ ਮੈਂ ਤੇਰੀ ਮੁਕਤੀ ਤੋਂ ਅਨੰਦ ਹੋਈ। ਯਹੋਵਾਹ ਜਿਹਾ ਪਵਿੱਤਰ ਕੋਈ ਨਹੀਂ, ਕੋਈ ਚਟਾਨ ਸਾਡੇ ਖ਼ੁਦਾ ਜਿਹੀ ਨਹੀਂ ਹੈ (1 ਸਮੂਏਲ 2:1, 2)।

ਇੱਕ ਹਜ਼ਾਰ ਸਾਲ ਤੋਂ ਵੱਧ ਸਮੇਂ ਬਾਅਦ ਇੱਕ ਹੋ ਇਸਤਰੀ ਦੇ ਵਿੱਖੇ ਪੜ੍ਹਦੇ ਹਾਂ ਜਿਸਨੇ ਖ਼ੁਦਾ ਵੱਲੋਂ ਖ਼ਬਰ ਸੁਣ ਕੇ ਖੁਸ਼ੀ ਨਾਲ ਉਸਤੀ ਉਸਤੱਤ ਕੀਤੀ। ਉਹ ਉਸ ਨੂੰ ਪਵਿੱਤਰ ਆਤਮਾ ਰਾਹੀਂ ਇੱਕ ਬਾਲਕ ਦੀ ਅਸੀਸ ਦੇਣ ਵਾਲਾ ਸੀ। ਉਹਦਾ ਨਾਂਅ ਯਿਸੂ ਹੋਣਾ ਸੀ (ਮੱਤੀ 1:20, 21)। ਉਸਦੇ ਜੀਵਨ ਵਿੱਚ ਕਿੱਡੀ ਵੱਡੀ ਤਬਦੀਦੀ ਸੀ ਇਸ ਉਦੇਸ਼, ਮਿਸ਼ਨ ਅਤੇ ਮੌਕੇ ਦਾ ਕੀ ਮਤਲਬ ਸੀ। ਉਸਦਾ ਧੰਨਵਾਦ ਅਤੇ ਅਨੰਦ ਗੀਤ ਵਿੱਚ ਬਿਆਨ ਕੀਤਾ ਗਿਆ ਸੀ। ''ਮੇਰੀ ਜਾਨ ਪ੍ਰਭੂ ਦੀ ਵੱਡਿਆਈ

ਕਰਦੀ ਹੈ ਅਤੇ ਮੇਰਾ ਆਤਮਾ ਮੇਰੇ ਮੁਕਤੀਦਾਤਾ-ਖ਼ੁਦਾ ਤੋਂ ਨਿਹਾਲ ਹੋਇਆ ... ਕਿਉਂ ਜੋ ਸ਼ਕਤੀਮਾਨ ਨੇ ਮੇਰੇ ਲਈ ਵੱਡੇ ਕੰਮ ਕੀਤੇ ਹਨ, ਅਤੇ ਪਵਿੱਤਰ ਹੈ ਉਹਦਾ ਨਾਂਅ'' (ਲੂਕਾ 1:46-49)।

ਖ਼ੁਦਾ ਦੇ ਪ੍ਰਭਾਓ ਵਿੱਚ ਰਹਿ ਕੇ ਕੋਈ ਕਿੰਨਾ ਬਾਯਕੀਨ ਤੇ ਸਰਾਰਾਮਤਕ ਹੋ ਸਕਦਾ ਹੈ, ਇਸਦੀ ਸਭ ਤੋਂ ਵੱਡੀ ਮਿਸਾਲ ਪੌਲੁਸ ਹੈ। ਇੱਕ ਰਸੂਲ ਦੇ ਰੂਪ ਵਿੱਚ ਉਹਦਾ ਜੀਵਨ ਹਲਚਲ ਅਤੇ ਤਨਾਓ ਨਾਲ ਭਰਿਆ ਹੋਇਆ ਸੀ। ਪੌਲੁਸ ਨੇ ਖ਼ੁਦਾ ਨਾਲ ਵਿਸ਼ਵਾਸਯੋਗ ਹੋਣ ਦੇ ਕਾਰਮ ਬਹੁਤ ਸਾਰੇ ਦੁੱਖ ਝੱਲੇ, ਹਜ਼ਾਰਾਂ ਮੀਲ ਤੱਕ ਗਿਆ ਅਤੇ ਕਈ ਸਾਲ ਜੇਲਾਂ ਵਿੱਚ ਗੁਜ਼ਾਰੇ। ਕੀ ਉਹ ਭਰੋਸੇ ਵਾਲਾ ਸੀ? ਉਹਨੇ ਆਖਿਆ ਸੀ ''ਜੋ ਮੈਨੂੰ ਸਮਰੱਥਾ ਦੇਂਦਾ ਹੈ, ਉਸ ਵਿੱਚ ਮੈ 2 ਸਭ ਕੁਝ ਕਰ ਸਕਦਾ ਹਾਂ'' (ਫਿਲਿਪੀਆਂ 4:13) ਕੀ ਉਹ ਸਕਾਰਾਤਮਕ ਸੀ? ਉਸਨੇ ਕਿਹਾ ਸੀ, ''ਮੁਕਦੀ ਗੱਲ, ਹੇ ਮੇਰੇ ਭਰਾਵੋ, ਪ੍ਰਭੂ ਵਿੱਚ ਅਨੰਦ ਰਹੋ'' (ਫਿਲਿਪੀਆਂ 3:1)। ਕੀ ਉਹ ਸੰਤੋਖ ਵਾਲਾ ਸੀ? ਉਹਨੇ ਕਿਹਾ ਸੀ, ''ਮੈਂ ਇਹ ਸਿੱਖ ਲਿਆ ਹੈ ਭਈ ਜਿਸ ਹਾਲ ਵਿੱਚ ਹੋਣਾ ਓਸੇ ਵਿੱਚ ਸੰਤੋਖ ਰੱਖਾਂ'' (ਫਿਲਿਪੀਆਂ 4:11)। ਜੀਵਨ ੀ ਉਸਨੇ ਜਾਂਚ ਪੜਤਾਲ ਕਿਵੇਂ ਕੀਤੀ? ਉਸ ਨੇ ਆਖਿਆ ਸੀ:

> ਮੈਂ ਅੱਛੀ ਲੜਾਈ ਲੜ ਚੁੱਕਾ ਹਾਂ, ਮੈਂ ਦੌੜ ਮੁਕਾ ਛੱਡੀ, ਮੈਂ ਨਿਹਚਾ ਦੀ ਸਾਂਝ ਕੀਤੀ ਹੈ। ਹੁਣ ਤੋਂ ਧਰਮ ਦਾ ਮੁਕਟ ਮੇਰੇ ਲਈ ਰੱਖਿਆ ਹੋਇਆ ਹੈ ਜੇਹੜਾ ਪ੍ਰਭੂ ਜੋ ਧਰਮੀ ਨਿਆਂਈ ਹੈ ਉਹ ਦਿਨ ਮੈਨੂੰ ਦੇਵੇਗਾ, ਕੇਵਲ ਮੈਨੂੰ ਹੀ ਨਹੀਂ ਸਗੋਂ ਉਨ੍ਹਾਂ ਸਭਨਾਂ ਨੂੰ ਵੀ ਜਿਨ੍ਹਾਂ ਉਹਦੇ ਪ੍ਰਕਾਸ਼ ਹੋਣ ਨੂੰ ਪਿਆਰਾ ਜਾਣਿਆ (2 ਤਿਮੋਥਿਉਸ 4:7, 8)।

ਬਾਈਬਲ ਵਿੱਚੋਂ ਇਨ੍ਹਾਂ ਉਦਾਹਰਣਾਂ ਤੋਂ ਇਲਾਵਾ ਹੋਰ ਵੀ ਉਦਾਹਰਣ ਦਿੱਤੇ ਜਾ ਸਕਦੇ ਹਨ। ਪਰੰਤੂ ਉਨ੍ਹਾਂ ਵਿੱਚ ਵੀ ਇਹੀ ਸੱਚਾਈ ਸੀ ਜੋ ਇਨ੍ਹਾਂ ਵਿੱਚ ਹੈ। ਯੁਗਾਂ ਤੋਂ ਅਨਗਿਣਤ ਲੱਖਾਂ ਕਰੋੜਾਂ ਲੋਕਾਂ ਨੇ ਖ਼ੁਦ ਦੇ ਇਨ੍ਹਾਂ ਮੁਢਲੇ ਚੇਲਿਆਂ ਵਰਗਾ ਤਜ਼ੁਰਬਾ ਪਾਇਆ ਹੈ। ਖ਼ੁਦਾ ਅਸਲ ਵਿੱਚ ਵੱਡਾ ਹੌਂਸਲਾ ਦੇਣ ਵਾਲਾ ਹੈ। ਉਹ ਸਾਨੂੰ ਉੱਚਾ ਚੁੱਕਦਾ ਹੈ। ਉਹ ਸਾਡੀ ਅਗੁਆਈ ਕਰਦਾ ਹੈ। ਉਹ ਸਾਡੇ ਜੀਵਨ ਨੂੰ ਅਰਥ ਅਤੇ ਮਹੱਤਤਾ ਦੇਂਦਾ ਹੈ। ਉਹ ਸਾਨੂੰ ਅਨੰਤ ਜੀਵਨ ਦੇ ਲਈ ਸੱਦਦਾ ਹੈ। ਖ਼ੁਦਾ ਦੇ ਪ੍ਰੇਰਣਾ ਦੇਣ ਵਾਲਾ ਹੋਣ ਵਿੱਚ ਕੋਈ ਸ਼ੱਕ ਦੀ ਗੱਲ ਨਹੀਂ ਹੈ।

## ਬਾਈਬਲ ਵਿੱਚ ਉਸਦੀ ਪ੍ਰੇਰਣਾ

ਖ਼ੁਦਾ ਆਪਣੇ ਪ੍ਰੇਰਣਾ ਦੇਣ ਵਾਲੇ ਸੁਭਾਓ ਨੂੰ ਦੂਜੀ ਤਰ੍ਹਾਂ ਅਰਥਾਤ ਪਵਿੱਤਰ ਸ਼ਾਸਤਰ ਵਿੱਚ ਪ੍ਰੇਰਣਾ ਦੇ ਕੇ ਬਿਆਨ ਕਰਦਾ ਹੈ ਜੋ ਪਾਕ ਕਿਤਾਬ ਦੇ ਯਕੀਨਯੋਗ ਹੋਣ ਦਾ ਅਧਾਰ ਹੈ। ਬਾਈਬਲ ਬਿਆਨ ਕਰਦੀ ਹੈ ਕਿ ਖ਼ੁਦਾ ਤੇ ਭਰੋਸਾ ਰੱਖ ਕੇ ਅਤੇ ਉਹਦੇ ਹੁਕਮਾਂ ਦੀ ਪਾਲਣਾ ਕਰਕੇ ਕਿਵੇਂ ਅਬਰਾਹਾਮ, ਯਹੋਸ਼ੁਆ, ਏਲਿਆਹ, ਮਰੀਅਮ, ਸਤਿਫਨਸ ਅਤੇ ਬਹੁਤ ਸਾਰੇ ਦੂਸਰੇ ਲੋਕ ਜੈਵੰਤ ਜੀਵਨ ਜੀ ਸਕੇ ਸੀ। ਬੇਸ਼ੱਕ ਪਾਕ ਕਿਤਾਬ ਦੇ ਸੱਚ ਹੋਣ ਦੇ ਸਬੂਤ ਬਿਨਾ ਸਾਨੂੰ ਪਤਾ ਨਹੀਂ ਲਗ ਸਕਦਾ ਕਿ ਇਹ ''ਸੱਚੀ ਕਹਾਣੀਆਂ'' ਹਨ। ਪਰ ਸਾਨੂੰ ਤਾਂ ਯਕੀਨ ਹੈ।

ਬਾਈਬਲ ਪ੍ਰਾਚੀਨ ਕਾਲ ਦਾ ਅਧਿਐਨ ਅਤੇ ਬਾਈਬਲ ਦੇ ਵਕਤ ਦੇ ਸਮਕਾਲੀ ਪੁਰਾਣੇ ਲੇਖ ਜਿਵੇਂ ਮਸੀਹੀ ਸਬੂਤਾਂ ਦੇ ਵਿਸ਼ਾਲ ਖੇਤਰ ਨੇ ਬਾਈਬਲ ਦੇ ਇਤਿਹਾਸ ਦੀ ਮਾਨਤਾ ਨੂੰ ਸਾਬਤ ਕਰਨ ਦੇ ਲਈ ਇੱਕ ਲੰਮੀ ਦੂਰੀ ਤੈਣ ਕੀਤੀ ਹੈ।[2] ਬਾਈਬਲ ਨੂੰ ਉੱਚਾ ਨਜ਼ਰੀਆ ਦੇਣ ਦੇ ਲਈ ਇਨ੍ਹਾਂ ਸਰੋਤਾਂ ਦਾ ਅਧਿਐਨ ਲਾਭਦਾਇਕ ਹੋ ਸਕਦਾ ਹੈ। ਜੋ ਤਰੱਕੀ ਅੱਜ ਹੋ ਰਹੀ ਹੈ ਉਹਦੇ ਲਈ ਅਸੀਂ ਖ਼ੁਦਾ ਦੇ ਧੰਨਵਾਦੀ ਹਾਂ। ਇਹ ਸਬੂਤ ਬਾਈਬਲ ਵਿੱਚ ਸਾਡੇ ਵਿਸ਼ਵਾਸ ਨੂੰ ਵਧਾਉਂਦੇ ਹਨ, ਪਰ ਅਜਿਹਾ ਉਹ ਸਾਨੂੰ ਆਪਣੀ ਇਤਿਹਾਸਕ ਹਕੀਕਤ ਦਾ ਗਿਆਨ ਦੇ ਕੇ ਕਰਦੇ ਹਨ। ਜੇ ਬਾਈਬਲ ਜੋ ਹੋਣ

ਦਾਦਾਅਵਾ ਕਰਦੀ ਹੈ ਅਰਥਾਤ ਇਹ ਕਿ ਇਹ ਖ਼ੁਦਾ ਦਾ ਵਚਨ ਹੈ ਤਾਂ ਇਸ ਨੂੰ ਹਕੀਕੀ ਹੋਣਾ ਜ਼ਰੂਰੀ ਹੈ। ਅਸੀਂ ਪੜ੍ਹਦੇ ਹਾਂ ''*ਸਾਰੀ ਲਿਖਤ ਖ਼ੁਦਾ ਦੇ ਆਤਮਾ ਤੋਂ* ਹੈ ਅਤੇ ਸਿੱਖਿਆ, ਤਾੜਨਾ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ'' (2 ਤਿਮੋਥਿਉਸ 3:16)।

''ਸਾਰੀ ਲਿਖਤ ਖ਼ੁਦਾ ਦੇ ਰੂਹ ਤੋਂ ਹੈ'' ਵਾਕਾਂਸ ਨੂੰ ਯੂਨਾਨੀ ਭਾਸ਼ਾ ਦੇ ਵਾਕਾਂਸ਼ (*pase graphe theopneustos*) ਵਿੱਚ ਵੇਖਣ ਤੇ ਵੱਖ ਕੇ ਅਨੁਵਾਦਾਂ ਤੋਂ ਪੈਦਾ ਹੋਣ ਵਾਲੇ ਕਈ ਅਰਥਾਂ ਤੋਂ ਪਤਾ ਲਗਦਾ ਹੈ। ਇਹ ਬਹੁਅਰਥੀ ਯੂਨਾਨੀ ਸ਼ਬਦ (*theopneustos*) ਦੇ ਕਾਰਣ ਹੁੰਦੀ ਹੈ ਜਿਸਦਾ ਅਰਥ ਖ਼ੁਦਾ ਦੇ ਸਾਹ ਤੋਂ ਹੈ, ਅਤੇ ਲਾਤੀਨੀ ਭਾਸ਼ਾ ਦੇ *divinitus inspirata* ਤੋਂ ਅਨੁਵਾਦ ਹੋ ਕੇ ''ਖ਼ੁਦਾ ਦੀ ਪ੍ਰੇਰਣਾ'' ਬਣ ਜਾਂਦਾ ਹੈ। ਇਸ ਰਿਰਿਆ ਵਿੱਚ ''ਖ਼ੁਦਾ ਦੇ ਸਾਹ ਤੋਂ ਬਾਹਰ'' ਦਾ ਅਰਥ ਖ਼ੁਦਾ ਦੇ ਸਾਹ ਦੇ ਅੰਦਰ ਹੋ ਗਿਆ ਹੈ। 2 ਤਿਮੋਤਿਉਸ 3:16 ਵਿੱਚ ਪੌਲੂਸ ਜ਼ੋਰ ਦੇ ਕੇ ਆਖ ਰਿਹਾ ਸੀ ਪਾਕ ਕਿਤਾਬ ਦੀ ਪ੍ਰੇਰਣਾ ਦੇਣ ਵਾਲੀ ਸ਼ਕਤੀ ਦਾ ਨਤੀਜਾ ਹੈ ਅਤੇ ਸਾਡੇ ਲਈ ਲਾਭਦਾਇਕ ਹੈ। ਅਸਲ ਵਿੱਚ ਬਾਈਬਲ ਵਿੱਚ ਹਰ ਥਾਂ ''ਖ਼ੁਦਾ ਦੇ ਬਾਹਰ ਜਾਣ'' ਰਾਹੀਂ ਉਸ ਦੀ ਸਿਰਜਣਹਾਰ ਸ਼ਕਤੀ ਦਾ ਮਹਾਨ ਵਿਸ਼ਾ ਮਿਲਦਾ ਹੈ। ਅਸੀਂ ਖ਼ੁਦਾ ਰਾਹੀਂ ਇਨਸਾਨੀ ਰਚਨਾ ਵੇਲੇ ਉਹਦੇ ਇਸ ਪ੍ਰਗਟਾਓ ਦਾ ਅਧਿਐਨ ਕਰ ਚੁੱਕੇ ਹਾਂ। ਜ਼ਬੂਰ 33:6 ਵਿੱਚ ਅਸੀਂ ਉਹਦੀ ਰਚਨਾ ਦੇ ਬਿਆਨ ਵਿੱਚ ਉਹਦੇ ਸਾਹ ਨਾਲ ਬਣਨ ਦਾ ਚਿੱਤਰ ਵੇਖ ਸਕਦੇ ਹਾਂ: ''ਯਹੋਵਾ ਦੇ ਸ਼ਬਦ ਨਾਲ ਅਕਾਸ਼ ਬਣਾਏ ਗਏ, ਅਤੇ ਉਨ੍ਹਾਂ ਦੀ ਸਾਰੀ ਵੱਸੋਂ ਉਹਦੇ ਮੂੰਹ ਦੇ ਸਵਾਸ ਨਾਲ'' (ਜ਼ਬੂਰ 33:6)। ਇਸ ਪਰਕਾਰ ਅਸੀਂ ''ਖ਼ੁਦਾ ਦੇ ਸਵਾਸ ਨਿਕਲਨ'' ਨੂੰ ਉਹਦੇ ਉਦੇਸ਼ ਪੂਰਾ ਕਰਨ ਲਈ ਉਸਦੀ ਸਮੱਰਥਾ ਨਿਕਲਨ ਦੇ ਰੂਪ ਵਿੱਚ ਵੇਖਦੇ ਹਾਂ। ਜੀਵਨ ਦੇਣਾ, ਸੰਸਾਰ ਨੂੰ ਰਚਣਾ ਜਾਂ ਆਪਣੇ ਵਚਨ ਲਿਖਵਾਉਣ ਦੇ ਲਈ ਉਹਨੇ ਸਹੀ ਢੰਗ ਅਪਨਾਇਆ। ਜਿਸ ਪਰਕਾਰ ਰਚਨਾ ਵਜੂਦ ''ਖ਼ੁਦਾ ਦੇ ਸਵਾਸ'' ਨਾਲ ਹੋਇਆ ਉਸੇ ਪਰਕਾਰ ਬਾਈਬਲ ਵੀ ਉਹਦੇ ''ਸਵਾਸ'' ਰਾਹੀਂ ਦਿੱਤੀ ਗਈ ਹੈ।

ਮਸੀਹੀ ਸਬੂਤਾਂ ਦੇ ਲਈ ਤਾਂ ਅਸੀਂ ਧੰਨਵਾਦੀ ਹਾਂ ਜੋ ਬਾਈਬਲ ਦੀ ਇਤਿਹਾਸਕ ਸੱਚਾਈ ਦਾ ਸੰਕੇਤ ਦਿੰਦੇ ਹਨ, ਪਰੰਤੂ ਖ਼ੁਦਾ ਦੇ ਵਚਨ ਦੇ ਲਈ ਧੰਨਵਾਦ ਤੇ ਪਿਆਰ-ਖਾਸ ਕਰ ਸਾਡੇ ਵਿਸ਼ਵਾਸ ਦੀ ਗੱਲ ਹੈ। ਖ਼ੁਦਾ ਦੇ ਲਿਖਿਤ ਵਚਨ ਦੇ ਕੋਲ ਜਾ ਕੇ ਅਸੀਂ ਵੇਖਦੇ ਹਾਂ ਕਿ ਸਾਡਾ ਵਿਸ਼ਵਾਸ ਏਥੋਂ ਹੀ ਬਣਿਆ ਹੈ, ਪੁਰਾਣੀਆਂ ਚੀਜ਼ਾਂ ਦੇ ਵਜੂਦ ਦੇ ਗਿਆਨ ਜਾਂ ਕਿਸੇ ਹੋਰ ਵਿਗਿਆਨ ਤੋਂ ਨਹੀਂ (ਰੋਮੀਆਂ 10:15-17)। ਖ਼ੁਦਾ ਦੇ ਲਿਖੇ ਹੋਏ ਵਚਨ ਦੀ ਸਮੱਰਥਾ ਹੀ ਵਿਸ਼ਵਾਸ ਪੈਦਾ ਕਰਦੀ ਹੈ ਅਤੇ ਵਿਸ਼ਵਾਸ ਨੂੰ ਸਥਿਰ ਕਰਦੀ ਹੈ। ਬਾਈਬਲ ਵਿੱਚੋਂ ਸਾਨੂੰ ਬੇਬਿਆਨ ਤਾਕਤ ਮਿਲਦੀ ਹੈ ਜਿਸਦਾ ਤਜਰਬਾ ਸਾਨੂੰ ਕਿਤੋਂ ਹੋਰ ਨਹੀਂ ਹੋ ਸਕਦਾ। ਅਸੀਂ ਤੂਫਾਨ, ਭੂਚਾਲ, ਜਵਾਰ-ਭਾਟਾ ਦੀਆਂ ਲਹਿਰਾਂ ਅਥੇ ਜੰਗਲ ਦੀ ਅੱਗ ਆਦਿ ਭੜਕਾਉਣ ਵਾਲੀ ਸ਼ਕਤੀ ਨੂੰ ਜਾਣਦੇ ਹਾਂ। ਪਵਿੱਤਰ ਲਿਖਤ ਵਿਚ ਅਸੀਂ ਅਜਿਹੀ ਤਾਕਤ ਨੂੰ ਵੇਖਦੇ ਹਾਂ ਜੋ ਐਨੀ ਜ਼ਬਰਦਸਤ ਹੈ ਕਿ ਮਨੁੱਖ ਦੇ ਜੀਵਨ ਨੂੰ ਬਦਲ ਕੇ ਉਸਨੂੰ ਮੁਕਤੀ ਦੇ ਸਕਦੀ ਹੈ: ਇਹ ਸ੍ਰੋਤ ਇਨ੍ਹਾਂ ਨਾਸ਼ ਕਰਨ ਵਾਲੀਆਂ ਸ਼ਕਤੀਆਂ ਨੂੰ, ਪਾਪ ਦੀ ਨਾਸ਼ ਕਰਨਵਾਲੀ ਸ਼ਕਤੀ ਤੋਂ ਅਤੇ ਉਸ ਨਾਸ ਕਰਨ ਵਾਲੀ ਤਾਕਤ ਤੋਂ ਵੀ ਵੱਧ ਸ਼ਕਤੀਸ਼ਾਲੀ ਹੈ। ਜਿਸ ਦਾ ਮੁਕਾਬਲਾ ਅਸੀਂ ਜਨਮ ਤੋਂ ਕਰਦੇ ਹਾਂ ਅਤੇ ਉਸਨੂੰ ਮੌਤ ਆਖਦੇ ਹਾਂ।

ਇਹ ਸ਼ਕਤੀ ਸਾਨੂੰ ਅਜ਼ਾਦ ਕਰ ਸਕਦੀ ਹੈ (ਯੂਹੰਨਾ 8:32) ਜ਼ਬੂਰ ਲਿਖਣ ਵਾਲੇ ਆਖਿਆ ਹੈ ''ਤੇਰਾ ਵਚਨ ਮੇਰੇ ਪੈਰਾਂ ਲਈ ਦੀਪਕ ਅਤੇ ਮੇਰੇ ਰਾਹ ਦਾ ਚਾਨਣ ਹੈ'' (ਜ਼ਬੂਰ 119:105)। ਯਿਸੂ ਬਾਰੇ ਯੂਹੰਨਾ ਰਸੂਲ ਨੇ ਕਿਹਾ, ''ਅਤੇ ਸ਼ਬਦ ਦੇਹਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ'' (ਯੂਹੰਨਾ 1:14)। ਬਾਈਬਲ ਵਿਚ ਅਸੀਂ ਖ਼ੁਦਾ ਦੇ ਸ਼ਬਦ ਨੂੰ ਮਨੁੱਖ ਦੇ ਰੂਪ ਵਿਚ ਵੇਖਦੇ ਹਾਂ।

ਅਸੀਂ ਉਸ ਨੂੰ ਉਸਦੇ ਉਸ ਰੂਪ ਵਿਚ ਵੇਖਦੇ ਹਾਂ ਜਿਸ ਰਾਹੀਂ ਸਾਨੂੰ ਫਿਰ ਆਪਣੇ ਘਰ ਲੈ ਜਾਇਆ ਜਾਂਦਾ ਹੈ (ਯੂਹੰਨਾ 14: 1-6)। ਬਾਈਬਲ ਵਿਚ ਜੋ ਕਿ ਖ਼ੁਦਾ ਦੀ ਪ੍ਰੇਰਣਾ ਪਾਏ ਲੋਕਾਂ ਦੇ ਰਾਹੀਂ ਲਿਖੀ ਗਈ, ਅਸੀਂ ਇਕ ਸਭ ਤੋਂ ਵੱਧ ਪ੍ਰੇਰਣਾ ਦੇਣ ਵਾਲੇ ਇਨਸਾਨ ਨਾਲ ਮਿਲਦੇ ਹਾਂ। ਉਸ ਨੇ ਆਖਿਆ, ''ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ'' (ਯੂਹੰਨਾ 10: 10)। ਸਾਡਾ ਖ਼ੁਦਾ ਸੱਚਮੁੱਚ ਕਈ ਤਰੀਕਿਆਂ ਨਾਲ ਪ੍ਰੇਰਣਾ ਦੇਣ ਵਾਲਾ ਹੈ।

---

ਟਿੱਪਣੀਆਂ

[1]*ਸਮੂਏਲ* ਦਾ ਅਰਥ ਹੈ ''ਏਲ[ਖ਼ੁਦਾ] ਦਾ ਨਾਂਅ'' (ਫ਼੍ਰਾਂਸਿਸ ਬ੍ਰਾਊਨ, ਐੱਸ. ਆਰ. ਡ੍ਰਾਈਵਰ, ਐਂਡ ਚਾਰਲਸ ਏ. ਬ੍ਰਿਗਸ, *ਏ ਹਿਬਰੂ ਐਂਡ ਇੰਗਲਿਸ਼ ਲੈਕਸੀਨ ਆਫ਼ ਦ ਓਲਡ ਟੈਸਟਾਮੈਂਟ* [ਆਕਸਫ਼ੋਰਡ: ਕਲੇਅਰਡਨ, 1958], 1028)। [2]''... ਇਹ ਜ਼ੋਰ ਦੇਣ ਲਈ ਕਿ ਬਾਈਬਲ ਅਤੇ ਇਹਦਾ ਸੰਦੇਸ਼ ਅਤੀਤ ਅਤੇ ਆਲੇ-ਦੁਆਲੇ ਦੀਆਂ ਸੱਭਿਅਤਾਵਾਂ ਤੋਂ ਫ਼ਰਕ ਖਲਾਅ ਵਿੱਚੋਂ ਨਿੱਕਲਿਆ ਬਾਈਬਲ ਵਿਹਾਰ ਨੂੰ ਅਤੇ ਬਾਈਬਲੀ ਸੰਸਾਰ ਨੂੰ ਸਮਝਣ ਵਿਚ ਨਾਕਾਮ ਹੋਣਾ ਹੈ। ਇਹਦੇ ਇਲਾਵਾ ਇਸ ਵਿਚ ਬਾਈਬਲ ਦੀ ਗੱਲ ਨੂੰ ਨਾ ਸਮਝਣ ਦਾ ਜੋਖਮ ਵੀ ਹੈ। ਅਨਾਦੀ ਖ਼ੁਦਾ ਦਾ ਬੇਮਿਆਦੀ ਸੰਦੇਸ਼ ਮਨੁੱਖ ਨੂੰ ਸਮੇਂ ਵਿਚ ਦਿੱਤਾ ਗਿਆ ਹੈ। ...'' (ਹੈਰੀ ਥੌਮਸ ਫ਼੍ਰੈਂਕ, ਬਾਈਬਲ ਆਰਕਿਓਲੋਜੀ ਐਂਡ ਫ਼ੇਥ [ਨੈਸ਼ਵਿੱਲੇ: ਅਬਿੰਗਡਨ, 1976], 12.) [3]ਤੁਲਨਾ ਲਈ KJV, RSV, NAB, NEB ਅਤੇ NIV ਬਾਈਬਲਾਂ ਵੇਖੀਆਂ ਜਾ ਸਕਦੀਆਂ ਹਨ।